# ਸੁਫ਼ੈਦ ਪੋਸ਼ ——————— ਗੁਰਚਰਨ ਸਿਘ ਜਸੂਜਾ

# ਪਾਤਰ

ਬਲਜੀਤ

ਅੰਮ੍ਰਿਤ

ਜੀਤਾਂ

ਸ਼ਰਨਾਂ

ਅਮੀਰ ਸਿੰਘ

ਰਾਧੂ

ਦੋ ਗੁਆਂਢੀ

ਸਮਾਂ–ਸ਼ਾਮ ਦੇ 6 ਕੁ ਵਜੇ ।

ਸਥਾਨ–ਸ੍ਰ: ਅਮੀਰ ਸਿੰਘ ਦੀ ਕੋਠੀ ਦਾ ਕਮਰਾ ।

ਕਮਰਾ ਕਾਫੀ ਸਜਿਆ ਹੋਇਆ ਹੈ, ਜਿਸ ਤੋਂ ਉਪਰਲੀ ਮੱਧ ਸ਼੍ਰੇਣੀ ਦੇ ਘਰਾਣੇ ਦਾ ਪ੍ਰਭਾਵ ਪੈਂਦਾ ਹੈ। ਪਰਦਾ ਉਠਣ ਤੇ ਤਿੰਨ ਤੀਵੀਆਂ ਚਾਹ ਪੀਂਦੀਆਂ ਨਜ਼ਰ ਆਉਂਦੀਆਂ ਹਨ। ਅੰਮ੍ਰਿਤ ਤੇ ਬਲਜੀਤ ਸਿਆਣੀ ਉਮਰ ਦੀਆਂ ਹਨ, ਪਰ ਜੀਤਾਂ ਜਵਾਨ ਕੁੜੀ ਹੈ। ਉਸਨੇ ਭੜਕੀਲਾ ਲਬਾਸ ਪਾਇਆ ਹੋਇਆ ਹੈ। ਛੋਟੇ ਮੇਜ਼ ਤੇ ਟੀ ਸੈੱਟ ਅਰ ਮਠਿਆਈ ਦੀ ਪਲੇਟ ਪਈ ਹੈ ।

(ਤਿਨੇ ਖਿਲ ਖਿਲਾ ਕੇ ਹੱਸ ਰਹੀਆਂ ਹਨ)

ਬਲਜੀਤ–(ਹਸਦੀ ਹੋਈ) ਜੀਤਾਂ, ਤੇਰੀ ਸੱਸ ਵੀ ਬਸ ਨਮੂਨਾ ਈ ਏ। ਅੰਨ੍ਹੀ ਨੂੰ ਇਹ ਵੀ ਪਤਾ ਨਹੀਂ ਲਗਦਾ ਕਿ ਮਾਂਹ ਕਿਹੜੇ ਨੇ ਤੇ ਕਾਲੀਆਂ ਮਿਰਚਾਂ ਕੇਹੜੀਆਂ ।

ਜੀਤਾਂ–ਮਾਸੀ ਜੀ ਉਹਨੂੰ ਦਿਸਦਾ ਜੁ ਨਾਂ ਹੋਇਆ ਵਿਚਾਰੀ ਨੂੰ। ਅਜੇ ਤਾਂ ਉਹਨੇ ਮਾਂਹ ਤੇ ਕਾਲੀਆਂ ਮਿਰਚਾਂ ਹੀ ਰਲਾਈਆਂ ਸਨ, ਕੋਈ ਵੱਡੀ ਗੱਲ ਨਹੀਂ ਜੇ ਮਾਂਹ ਦੀ ਥਾਂ ਕਾਲੀਆਂ ਮਿਰਚਾਂ ਹੀ ਰਿੰਨ੍ਹਣ ਲਗ ਪੈਂਦੀ।

ਅੰਮ੍ਰਿਤ–ਕਿਉਂ ਨਹੀਂ, ਮੇਮ ਦੀ ਧੀ ਤਾਂ ਤੇਰੀ ਸੱਸ ਏ।

(ਸਾਰੀਆਂ ਹਸਦੀਆਂ ਹਨ)

ਬਲਜੀਤ–ਲੈ, ਤੇ ਤੁਸੀਂ ਚਾਹ ਵੀ ਪੀਵੋ ਨਾ...ਠੰਢੀ ਹੋ ਜਾਵੇਗੀ।...ਲੈ ਲੈ

ਅੰਮ੍ਰਿਤ, ਇਹ ਮਠਿਆਈ ਹੁਣ ਕੀਹਨੇ ਖਤਮ ਕਰਨੀ ਏ ?

(ਸਾਰੀਆਂ ਚਾਹ ਦੀਆਂ ਪਿਆਲੀਆਂ ਚੁਕਦੀਆਂ ਹਨ)

ਅੰਮ੍ਰਿਤ–ਤੂੰ ਵੀ ਤਾਂ ਭੈਣ ਕਿੰਨਾ ਕੁਝ ਈ ਮੰਗਵਾ ਲਿਆ ਏ । ਆਣ ਕੇ ਤੈਨੂੰ ਖੇਚਲ ਈ ਦੇਈਦੀ ਏ । ਕਿੰਨੇ ਚਿਰ ਦਾ ਮਿਲਣ ਨੂੰ ਦਿਲ ਪਿਆ ਕਰਦਾ ਸੀ, ਪਰ ਘਰ ਵਿਚੋਂ ਨਿਕਲਣ ਈ ਨਹੀਂ ਹੁੰਦਾ। ਪਹਿਲਾਂ ਮੇਰੀ ਤਬੀਅਤ ਖਰਾਬ ਰਹੀ, ਮੈਂ। ਠੀਕ ਹੋਈ ਤਾਂ ਛੋਟੇ ਮੁੰਡੇ ਦੀਆਂ ਅੱਖਾਂ ਆ ਗਈਆਂ । ਅਜ ਜੀਤਾਂ ਸਹੁਰਿਓਂ ਆਈ ਸੀ, ਮੈਂ ਕਿਹਾ ਮਿਲ ਹੀ ਆਈਏ ।

ਬਲਜੀਤ–ਅੰਮ੍ਰਿਤ, ਮੈਂ ਵੀ ਤੈਨੂੰ ਕਈ ਵਾਰੀ ਯਾਦ ਕਰਦੀ ਰਹਿਨੀ ਆਂ । (ਜੀਤਾਂ ਨੂੰ ਖਾਲੀ ਪਿਆਲੀ ਮੇਜ਼ ਤੇ ਰਖਦਿਆਂ ਵੇਖ ਕੇ) ਲੈ ਜੀਤਾਂ ਉਰਾਂ ਕਰ, ਚਾਹ ਦੀ ਪਿਆਲੀ ਹੋਰ ਬਣਾ ਦਿਆਂ ।

ਜੀਤਾਂ–(ਹੱਥ ਨਾਲ ਰੋਕਦੀ ਹੋਈ) ਨਹੀਂ ਮਾਸੀ ਜੀ ਬੱਸ...ਮੈਂ ਤਾਂ ਇਕੋ ਪਿਆਲੀ ਚਾਹ ਦੀ ਪੀਂਦੀ ਹੁੰਨੀ ਆਂ ।...ਤੁਸੀਂ ਤਾਂ ਐਨਾ ਕੁਝ ਮੰਗਵਾ ਲਿਆ ਏ । ਐਵੇਂ ਖੇਚਲ ਕੀਤੀ ਜੇ ।

ਬਲਜੀਤ–ਬੈਠ ਨੀ ਬੈਠ । ਵੱਡੀ ਦਾਨੀ ਬਣਨ ਲੱਗੀ ਏਂ । ਸਰਦੀਆਂ ਵਿਚ ਚਾਹ ਦੇ ਘੁੱਟ ਦਾ ਕੀ ਹੁੰਦਾ ਏ ? (ਮੁਸਕਾ ਕੇ) ਸੁੱਖ ਨਾਲ ਭਾਵੇਂ ਤੂੰ ਸਹੁਰਿਆਂ ਵਾਲੀ ਹੋ ਗਈ ਏਂ, ਪਰ ਮੇਰੇ ਲਈ ਤਾਂ ਓਹੋ ਜੀਤਾਂ ਏਂ ਨਾ ਜੋ ਮੇਰੇ ਕੁਛੜੋਂ ਨਹੀਂ ਸੀ ਲਹਿੰਦੀ ਹੁੰਦੀ ।

(ਬਲਜੀਤ ਗੱਲਾਂ ਕਰਦੀ ਕਰਦੀ ਚਾਹ ਬਣਾ ਦੇਂਦੀ ਹੈ । ਸਾਰੀਆਂ ਪੀਂਦੀਆਂ ਹਨ)

ਅੰਮ੍ਰਿਤ–ਬੱਚੇ ਭਾਵੇਂ ਟੱਬਰ ਟੋਰ ਵਾਲੇ ਹੋ ਜਾਣ, ਮਾਪਿਆਂ ਲਈ ਤਾਂ ਫੇਰ ਵੀ ਬੱਚੇ ਨੇ ।

ਬਲਜੀਤ–ਹੁਣ ਤਾਂ ਇਹ ਮੇਰੇ ਘਰ ਕਿੰਨੇ ਈ ਚਿਰ ਪਿਛੋਂ ਆਈ ਏ ।

ਅੰਮ੍ਰਿਤ–ਵਿਆਹ ਤੋਂ ਬਾਅਦ ਪਹਿਲੀ ਵਾਰੀ ਈ ਆਈ ਏ ਨਾ ।

ਜੀਤਾਂ–ਤੁਹਾਡੇ ਪਹਿਲੇ ਮਕਾਨ ਨਾਲੋਂ ਤਾਂ ਇਹ ਕੋਠੀ ਸ਼ਾਨਦਾਰ ਏ ਮਾਸੀ ਜੀ !

ਬਲਜੀਤ–ਤੇਰੇ ਮਾਸੜ ਹੁਰੀਂ ਹੁਣ ਬੈਂਕ ਦੇ ਐਕਾਊਂਟੈਂਟ ਬਣ ਗਏ ਹੋਏ ਨੇ ।

ਅਜ ਕਲ੍ਹ ਪੰਜ ਸੌ ਤਨਖਾਹ ਲੈਂਦੇ ਨੇ। ਤੇ ਵੇਖੋਂ ਨਾ ਵੱਡੇ ਵੱਡੇ ਆਦਮੀਆਂ ਨੇ ਮਿਲਣ ਆਉਣਾ ਹੋਇਆ, ਜੇ ਘਰ ਵੀ ਰੱਜ ਦਾ ਨਾ ਹੋਵੇ ਤਾਂ ਆਪ ਨੂੰ ਹੀ ਸ਼ਰਮ ਆਉਂਦੀ ਏ।

ਅੰਮ੍ਰਿਤ–ਅਜ ਕਲ੍ਹ ਬਸ ਮਿਲਤ ਗਿਲਤ ਨਾਲ ਹੀ ਸੈਂਕੜੇ ਕੰਮ ਸੌਰਦੇ ਨੇ। ਮਿਤਰਾਂ ਸੰਬੰਧੀਆਂ ਨਾਲ ਈ ਬੰਦਾ ਸੋਭਦਾ ਏ। ਕੱਲਾ ਤਾਂ ਕਹਿੰਦੇ ਨੇ ਰੁੱਖ ਵੀ ਨਾ ਹੋਵੇ।

ਬਲਜੀਤ–(ਮੇਜ਼ ਵੱਲ ਵੇਖ ਕੇ) ਉਹੋ ! ਚਾਹ ਤਾਂ ਖਤਮ ਹੋ ਗਈ। ਹੋਰ ਬਣਵਾਵਾਂ ? (ਉੱਚੀ) ਵੇ ਰਾਧੂ।

ਜੀਤਾਂ–ਨਹੀਂ ਮਾਸੀ ਜੀ, ਹੋਰ ਨਾ ਬਣਾਓ। ਬਿਲਕੁਲ ਜ਼ਰੂਰਤ ਨਹੀਂ।

ਬਲਜੀਤ–ਵੇ ਰਾਧੂ ! ਵੇ ਰਾਧੂ !

ਰਾਧੂ–(ਅੰਦਰੋਂ ਈ) ਦਸੋ ਬੀਬੀ ਜੀ !

ਅੰਮ੍ਰਿਤ–ਰਹਿਣ ਦੇ ਬਲਜੀਤ ! ਹੋਰ ਚਾਹ ਦੀ ਕੀ ਲੋੜ ਏ ?

ਬਲਜੀਤ–ਹੱਛਾ, ਫੇਰ ਇਹ ਮਠਿਆਈ ਤਾਂ ਖਤਮ ਕਰੋ ਨਾ।

ਜੀਤਾਂ–ਮਾਸੀ ਜੀ, ਮੈਂ ਤਾਂ ਰੱਜ ਗਈ ਆਂ।

ਬਲਜੀਤ–ਹੈਂ ਕਮਲੀ ! ਤੇਰਾ ਢਿੱਡ ਏ ਕਿ ਸੁਰਮੇਦਾਣੀ ?...ਕਿੰਨੀ ਵੜੀ ਬਰਫੀ ਤਾਂ ਅਜੇ ਬਾਕੀ ਪਈ ਏ। ਤੂੰ ਖਾਧਾ ਕੀ ਏ ?...ਲੈ ਅੰਮ੍ਰਿਤ ਤੂੰ ਇਕ ਫੜੇਂ ਨਾ ?

(ਦੋਵੇਂ ਮਠਿਆਈ ਦੀਆਂ ਡਲੀਆ ਫੜਦੀਆਂ ਹਨ)

ਜੀਤਾਂ–ਮਾਸੀ ਜੀ ਤੁਸੀਂ ਮਠਿਆਈ ਤਾਂ ਇਸ ਤਰ੍ਹਾਂ ਖੁਆਣ ਲੱਗੇ ਓ, ਜਿਵੇਂ ਤੁਸਾਂ ਨਵੇਂ ਮਕਾਨ ਦੀ ਚੱਠ ਕੀਤੀ ਹੋਵੇ।

ਬਲਜੀਤ–ਬੱਲਿਆ, ਮਕਾਨ ਦੀ ਚੱਠ ਵੀ ਹੁਣ ਕਰਾਂਗੇ ਈ ਨਾ।

ਅੰਮ੍ਰਿਤ–ਅੜੀਏ ਬਲਜੀਤ, ਮਕਾਨ ਤਾਂ ਆਪਣਾ ਹੋਣਾ ਈ ਚਾਹੀਦਾ ਏ। ਰੋਜ਼ ਦਿਹਾੜੀ ਤਾਂ ਭਾਂਡੇ ਇਕ ਥਾਂ ਤੋਂ ਦੂਜੀ ਥਾਂ ਲਿਜਾਂਦਾ ਬੰਦਾ ਚੰਗਾ ਨਹੀਂ ਲਗਦਾ। ਨਾਲੇ ਕਹਿੰਦੇ ਹੁੰਦੇ ਨੇ ਆਪਣਾ ਘਰ ਜੋ ਚਾਹੇ ਕਰ, ਬਿਗਾਨਾ ਘਰ ਤੇ ਥੁੱਕਣ ਦਾ ਵੀ ਡਰ।

ਬਲਜੀਤ–ਮਕਾਨ ਤਾਂ ਅਸੀਂ ਹੁਣ ਲੈ ਈ ਲੈਣਾ ਏ, ਵੇਖਨੇ ਈ ਪਏ ਆਂ। ਨਾਲੇ ਵੇਖੋ ਨਾ ਸੌ ਗੱਲਾਂ ਵਿਚਾਰਨੀਆਂ ਪੈਂਦੀਆਂ ਨੇ। ਗਵਾਂਢ ਮੱਥਾ ਵੀ ਚੰਗਾ ਹੋਣਾ ਚਾਹੀਦਾ ਏ।

ਅੰਮਿਤ–ਜ਼ਰੂਰ, ਜ਼ਰੂਰ ! ਅਖੇ ਚੰਦਰਾ ਗਵਾਂਢ ਨਾ ਹੋਵੇ, ਲਾਈ ਲੱਗ ਨਾ ਹੋਵੇ ਘਰ ਵਾਲਾ।

ਜੀਤਾਂ–ਪਰ ਬਹੁਤੀਆਂ ਕੁਣਸਾਂ ਕੱਢਿਆਂ ਵੀ ਕਦੀ ਕੋਈ ਕੰਮ ਸਿਰੇ ਚੜ੍ਹਿਆ ਏ ?

ਰਾਧੂ–(ਆਣ ਕੇ) ਦਸੋ ਬੀਬੀ ਜੀ ?

ਬਲਜੀਤ–(ਗੁੱਸੇ ਨਾਲ) ਖਸਮਾਂ ਨੂੰ ਖਾਣਿਆਂ ਤੈਨੂੰ ਸੁਣੀਦਾ ਨ੍ਹੀਂ ? ਪਹਿਰ ਹੋਇਆ ਤੈਨੂੰ ਵਾਜ ਮਾਰੀ ਸੀ।

ਰਾਧੂ–ਬੀਬੀ ਜੀ...(ਝਕਦਾ ਹੋਇਆ) ਮੈਂ...ਚੌਂਕਾ...।

ਬਲਜੀਤ–ਸਾਰਾ ਦਿਨ ਤੇਰਾ ਚੌਂਕਾ ਭਾਂਡਾ ਈ ਨਹੀਂ ਮੁਕਦਾ। ਕਿਤੇ ਸੁੱਤਾ ਮੋਇਆ ਹੋਵੇਂਗਾ। ਬਹਾਨੇ ਖੋਰ ! ਉਠ ਨਾ ਸਕਾਂ ਤੇ ਫਿਟੇ ਮੂੰਹ ਗੋਡਿਆਂ ਦਾ। ਜਾਹ ਦਫਾ ਹੋ, ਜਲਦੀ ਜਾ ਕੇ ਰੋਟੀ ਪਕਾ, ਸਰਦਾਰ ਹੁਰਾਂ ਦੇ ਆਉਣ ਦਾ ਵੇਲਾ ਹੋ ਗਿਆ ਏ। ਅਗੇ ਵਿਚਾਰਾ ਮੁੰਡਾ ਭੁੱਖਾ ਭਾਣਾ ਚਲਿਆ ਗਿਐ।... ਵੇ ਤੂੰ ਬਿਟਰ ਬਿਟਰ ਮੇਰੀ ਵੱਲ ਕੀ ਵੇਖੀ ਜਾਨੈਂ ?...ਜਾਹ ਜਾ ਕੇ ਕੰਮ ਕਰ, ਜਲਦੀ।

(ਰਾਧੂ ਚਲਿਆ ਜਾਂਦਾ ਹੈ)

ਬਲਜੀਤ–ਇਨ੍ਹਾਂ ਨੌਕਰਾਂ ਕਿਹੀ ਮੇਰੀ ਜਾਨ ਖਾ ਲਈ ਏ। ਹੱਡ ਹਰਾਮੀ ਨਾ ਹੋਵੇ ਤੇ।...ਵੇਖ ਅੰਮ੍ਰਿਤ ਚੰਗਾ ਭਲਾ ਇਹਨੂੰ ਪਤਾ ਈ ਕਿ ਕੂਕੂ ਨੇ ਸ਼ਾਮ ਨੂੰ ਸੈਰ ਕਰਨ ਜਾਣਾ ਹੁੰਦੈ। ਅਜ ਏਸ ਬੇਵਕੂਫ ਨੇ ਗੱਡੀ ਹੀ ਸਾਫ ਨਹੀਂ ਕੀਤੀ। ਬਿਮਲਾ ਨੇ ਕੂਕੂ ਨੂੰ ਗੱਡੀ ਵਿਚ ਲਿਟਾਇਆ ਤਾਂ ਉਹਦੀ ਨਵੀਂ ਨਕੋਰ ਫਰਾਕ ਘੱਟੇ ਨਾਲ ਭਰ ਗਈ। ਉਸੇ ਵੇਲੇ ਹੋਰ ਬਦਲਣੀ ਪਈ ਤੇ ਏਸ ਬੀਬੇ ਰਾਣੇ ਦਾ ਕੀ ਗਿਆ ? ਜੇ ਬੱਚੇ ਨੂੰ ਚੱਜ ਦੇ ਕਪੜੇ ਪਾ ਕੇ ਵੀ ਨਾ

ਬਾ¨ਰ ਭੇਜੀਏ, ਤਾਂ ਵੀ ਰਹਿ ਨਹੀਂ ਆਉਂਦੀ ।

ਜੀਤਾਂ–ਬਿਮਲਾ ਕੌਣ ਏ ?

ਬਲਜੀਤ–ਕੁਕੂ ਦੀ ਖਿਡਾਵੀ ਰੱਖੀ ਹੋਈ ਏ ।

ਰਾਧੂ–(ਅੰਦਰੋਂ) ਬੀਬੀ ਜੀ, ਬੀਬੀ ਜੀ, ਏਧਰ ਆਉਣਾ ।

ਬਲਜੀਤ–(ਉਠਦੀ ਹੋਈ) ਵੇ ਕੀ ਹੋ ਗਿਆ ਏ ? ਕੋਈ ਹੋਰ ਨਵਾਂ ਪੁਆੜਾ ਪਾਇਆ ਈ ? (ਅੰਦਰ ਚਲੀ ਜਾਂਦੀ ਹੈ)

(ਸਟੇਜ ਤੇ ਇਕ ਮਿੰਟ ਚੁੱਪ ਰਹਿੰਦੀ ਹੈ ਜੀਤਾਂ ਅੰਗੀਠੀ ਪੋਸ਼ ਤੇ ਕੱਢੇ ਹੋਏ ਫੁੱਲ ਬੂਟਿਆਂ ਨੂੰ ਨੇੜੇ ਹੋ ਕੇ ਵੇਖਣ ਲਗਦੀ ਹੈ)

ਜੀਤਾ–ਐਹ ਅੰਗੀਠੀ ਪੋਸ਼ ਤੇ ਫੁੱਲ ਤਾਂ ਬੜੇ ਸ਼ਾਨਦਾਰ ਕੱਢੇ ਹੋਏ ਨੇ । ਦੇਖੋ ਨਾ ਬੀਬੀ ਜੀ, ਕਿਹੀਆਂ ਸੋਹਣੀਆਂ ਪੱਤੀਆਂ ਪਾਈਆਂ ਹੋਈਆਂ ਨੇ ।

ਅੰਮ੍ਰਿਤ–ਹੂੰ ! ਸੁਹਣੇ ਨੇ । ਮੇਰਾ ਖਿਆਲ ਏ ਸ਼ਰਨੋ ਨੇ ਕੱਢੇ ਹੋਣਗੇ ।

ਬਲਜੀਤ–(ਅੰਦਰ ਆਉਂਦੀ ਹੋਈ ਤਨਜ਼ ਨਾਲ) ਹਾਂ ਸ਼ਰਨੋ ਨੇ ਕੱਢੇ ਹੋਏ ਨੇ । ਉਹਨੂੰ ਇਹ ਜਿਹੇ ਘਰ ਦੇ ਕੰਮ ਕਰਨ ਦੀ ਵਿਹਲ ਕਿੱਥੇ ? ਉਹਨੂੰ ਤਾਂ ਆਪਣੇ ਕਾਲਜ ਦੀਆਂ ਪੜ੍ਹਾਈਆਂ ਤੇ ਬੈਡ ਮਟੈਨ . ਕੀ ਕਹਿੰਦੇ ਨੇ ਉਹਨੂੰ, ਚਿੜੀ ਛਿੱਕੇ ਦੀਆਂ ਖੇਡਾਂ ਈ ਨਹੀਂ ਛਡਦੀਆਂ । ਕਾਲਜੋਂ ਆਉਂਦੀ ਏ ਤੇ ਕਪੜੇ ਬਦਲ ਕੇ ਐਸ ਵੇਲੇ ਖੇਡਣ ਚਲੀ ਜਾਂਦੀ ਏ ।

ਅੰਮ੍ਰਿਤ–ਸੁੱਖ ਨਾਲ ਪੜ੍ਹਨ ਖੇਡਣ ਦੀ ਵੀ ਇਹੋ ਉਮਰ ਏ ਕਿ । ਘਰ ਦਾ ਧੰਦਾ ਤਾਂ ਸਾਰੀ ਉਮਰ ਈ ਕਰਨਾ ਹੁੰਦਾ ਏ ।

ਬਾਹਰੋਂ ਆਵਾਜ਼–ਮੱ...ਮੀ ।

ਬਲਜੀਤ–ਲੈ ਆ ਵੀ ਗਈ ਉ ।

(ਸ਼ਰਨੋ, ਇਕ ਸ਼ੋਖ ਤੇ ਜਵਾਨ ਕੁੜੀ ਖੇਡਣ ਵਾਲੇ ਕਪੜੇ ਪਾਈ ਤੇ ਹੱਥ ਵਿੱਚ ਬੈਡਮਿੰਟਨ ਰੈਕਟ ਫੜੀ ਆਉਂਦੀ ਹੈ)

ਸ਼ਰਨੋ–(ਜੀਤਾਂ ਨੂੰ ਵੇਖ ਕੇ) ਓ ਮਾਈ ਲਾਰਡ, ਅਜ ਤੇ ਜੀਤਾਂ ਆਈ ਹੋਈ ਏ ।

(ਸ਼ਰਨੋ ਨਸ ਕੇ ਜੀਤਾਂ ਕੋਲ ਜਾ ਬੈਠਦੀ ਹੈ ਤੇ ਉਹਨੂੰ

ਆਪਣੀ ਜਫੀ ਵਿੱਚ ਲੈਂਦੀ ਹੈ )

ਸ਼ਰਨੋਂ–(ਅੰਮ੍ਰਿਤ ਨੂੰ) ਗੁਡ ਈਵਨਿੰਗ ਆਂਟੀ ਰਾਜ਼ੀ ਓ ਨਾ ?

ਅੰਮ੍ਰਿਤ–ਆਹੋ ਬਲਿਆ । ਤੂੰ ਕਦੀ ਆਇਆ ਤਾਂ ਕਰ । ਤੇਰਾ ਤੇ ਸ਼ਾਨੂੰ ਮਿਲਣ ਤੇ ਦਿਲ ਹੀ ਨਹੀਂ ਕਰਦਾ ।

ਸ਼ਰਨੋ–ਤੇ ਜੀਤਾਂ ਡੀਅਰ, ਤੂੰ ਸਹੁਰੇ ਜਾ ਕੇ ਸਾਨੂੰ ਭੁਲ ਹੀ ਗਈ ਏਂ । (ਸ਼ਰਾਰਤ ਨਾਲ ਨੇੜੇ ਹੋ ਕੇ) ਪੱਗ ਵਾਲੀ ਸਹੇਲੀ ਨਾਲ ਬਹੁਤ ਦਿਲ ਲੱਗ ਗਿਆ ਹੋਣਾ ਏ ?

(ਸਾਰੀਆਂ ਹਸਦੀਆਂ ਹਨ)

ਜੀਤਾਂ–ਤੈਨੂੰ ਤਾਂ ਮੈਂ ਹੁਣੇ ਯਾਦ ਪਈ ਕਰਦੀ ਸਾਂ । ਬੇਸ਼ਕ ਮਾਸੀ ਜੀ ਤੋਂ ਪੁੱਛ ਲੈ ।

ਅੰਮ੍ਰਿਤ–ਸ਼ਰਨਾ ਤੇਰੀ ਤਾਂ ਵੱਡੀ ਵਡੀ ਉਮਰਾ ਏ । ਅਸੀਂ ਯਾਦ ਕੀਤਾ । ਤੂੰ ਝੱਟ ਆ ਗਈ ਏਂ ।

ਸ਼ਰਨੋ–(ਮੁਸਕਰਾ ਕੇ) ਭਗਵਾਨ ਨੂੰ ਭਗਤਾਂ ਦਾ ਬਹੁਤ ਖਿਆਲ ਰਖਣਾ ਪੈਂਦਾ ਏ ।

ਜੀਤਾਂ–(ਸ਼ਰਾਰਤ ਨਾਲ) ਵਾਹ ਨੀ ਭਗਵਾਨ ਦੀਏ ਮੂਰਤੇ ! ਜ਼ਰਾ ਭਗਵਾਨ ਦੀ ਸ਼ਕਲ ਤਾਂ ਵੇਖੋ ।

(ਸਾਰੀਆਂ ਹਸਦੀਆਂ ਹਨ)

ਸ਼ਰਨੋ–(ਉਠਦੀ ਹੋਈ) ਓ ਰਾਧੂ ! ਰਾਧੂ ਦੇ ਬੱਚੇ !

ਆਵਾਜ਼–ਦਸੋ ਜੀ ?

ਸ਼ਰਨੋ–(ਰੈਕਟ ਰਖਦੀ ਹੋਈ) ਔਹ ਮੇਰਾ ਰੈਕਟ ਤਾਂ ਸਾਂਭੀਂ ।......ਮੱਮੀ, ਮੈਂ ਆਪਣੇ ਫਰੈਂਡਜ਼, ਮੇਰਾ ਮਤਲਬ ਸਹੇਲੀਆਂ ਨਾਲ ਸੈਰ ਕਰਨ ਜਾਣਾ ਏ, ਕਪੜੇ ਬਦਲ ਲਵਾਂ ? ਰਾਈਟੋ......।

(ਸ਼ਰਨੋ ਅੰਦਰ ਚਲੀ ਜਾਂਦੀ ਹੈ । ਰਾਧੂ ਰੈਕਟ ਚੁੱਕ ਕੇ ਲੈ

ਜਾਂਦਾ ਹੈ।)

ਅੰਮ੍ਰਿਤ–ਬਲਜੀਤ, ਸ਼ਰਨੋ ਕਾਫੀ ਵਡੀ ਸਾਰੀ ਹੋ ਗਈ ਏ। ਹੁਣ ਇਹਦੇ ਵਿਆਹ ਦਾ ਵੀ ਕੁਝ ਫਿਕਰ ਕਰ ਨਾ।

ਜੀਤਾਂ–ਮਾਸੀ ਬੜੀ ਸਿਆਣੀ ਏ, ਅੰਦਰੋ ਅੰਦਰੀ ਸਭ ਦਾਜ ਦੇਣ ਬਣਾਈ ਬੈਠੀ ਹੋਵੇਗੀ।

ਅੰਮ੍ਰਿਤ–ਧੀਆਂ ਜੰਮਦਿਆਂ ਹੀ ਮਾਪਿਆਂ ਨੂੰ ਵਿਆਹ ਦੇ ਫਿਕਰ ਪੈ ਜਾਂਦੇ ਨੇ।

ਬਲਜੀਤ–ਕੋਈ ਸੁਲਖਣੀ ਘੜੀ ਆਵੇ ਸਹੀ, ਅਕਸਰ ਸਭੋ ਕੁਝ ਕਰਨਾ ਏਂ ਤੂੰ ਵੀ ਕਿਸੇ ਮੁੰਡੇ ਦਾ ਧਿਆਨ ਰਖੀਂ ਅੰਮ੍ਰਿਤ।

ਅਮੀਰ ਸਿੰਘ ਅੰਦਰ ਆਉਂਦਾ ਹੈ। ਵਧੀਆ ਤੇ ਉਜਲਾ ਸੂਟ ਪਾਇਆ ਹੋਇਆ ਹੈ। ਹੱਥ ਵਿਚ ਇਕ ਬਹੁਤ ਵਧੀਆ ਅੰਗਰੇਜ਼ੀ ਰਸਾਲਾ ਹੈ।

ਅਮੀਰ ਸਿੰਘ—(ਅੰਦਰ ਵੜਦਾ ਹੀ) ਐ ਹੈ, ਅਜ ਤੇ ਰੌਣਕਾਂ ਲੱਗ ਗਈਆਂ ਨੇ ਸਾਡੇ ਘਰ।

ਜੀਤਾਂ––(ਸ਼ਰਮਾਂਦੀ ਹੋਈ) ਸੱਤ ਸ੍ਰੀ ਅਕਾਲ ਜੀ!

ਅੰਮ੍ਰਿਤ––(ਆਪਣੇ ਦੁਪੱਟੇ ਨੂੰ ਠੀਕ ਕਰਦੀ ਹੋਈ) ਸੱਤ ਸ੍ਰੀ ਅਕਾਲ ਜੀ!

ਅਮੀਰ ਸਿੰਘ––(ਜ਼ਰਾ ਲਮਕਵੀਂ ਆਵਾਜ਼ ਵਿੱਚ) ਸੱਤ ਸ੍ਰੀ ਅਕਾਲ (ਜੀਤਾਂ ਨੂੰ) ਕੁੜੇ ਰਾਜ਼ੀ ਖੁਸ਼ੀ ਏਂ ਨਾ?

ਜੀਤਾਂ––ਆਹੋ ਜੀ?

ਅਮੀਰ ਸਿੰਘ––(ਮਜ਼ਾਕ ਨਾਲ) ਸੱਤ ਜੀਊਂਦੀ ਉ ਨਾ? ਲੜਦੀ ਤਾ ਨਹੀਂ ਹੁੰਦੀ?

ਬਲਜੀਤ––(ਮਜ਼ਾਕ ਨਾਲ) ਇਹਦੀ ਸੱਸ ਕੋਈ ਭੂੰਡੀ ਮਿਰਚ ਏ ਜੀਹਨੇ

ਲੜਨਾ ਏ ?

ਜੀਤਾਂ--ਨਹੀਂ ਜੀ, ਨਿਰਾ ਮਲਾਈ ਦਾ ਡੋਨਾ ਇ ਕਿ ।

(ਅਮੀਰ ਸਿੰਘ ਪਹਿਲਾਂ ਬੂਟ ਖੋਲ੍ਹਦਾ ਹੈ । ਫੇਰ ਕੋਟ ਲਾਹ ਕੇ ਬਲਜੀਤ ਨੂੰ ਫੜਾਂਦਾ ਹੈ)

ਅਮੀਰ ਸਿੰਘ—ਲੈ ਫੜੀਂ, ਕੋਟ ਟੰਗ ਦੇਈਂ ।

(ਬਲਜੀਤ ਕੋਟ ਫੜ ਕੇ ਕਿੱਲੀ ਨਾਲ ਟੰਗਦੀ ਹੈ । ਅਮੀਰ ਸਿੰਘ ਕਿੱਲੀ ਤੋਂ ਇਕ ਪਾਜਾਮਾ ਲਾਹ ਕੇ ਅੰਦਰ ਨੂੰ ਚਲਿਆ ਜਾਂਦਾ ਹੈ)

ਜੀਤਾਂ--ਚਲੋ ਬੀ ਜੀ, ਹੁਣ ਚਲੀਏ ।

ਬਲਜੀਤ—ਲੈ, ਚਲੇ ਜਾਣਾ । ਕਾਹਲੀ ਕਾਹਦੀ ਏ ? ਰੋਟੀ ਤਿਆਰ ਹੁੰਦੀ ਪਈ ਏ, ਹੁਣ ਤਾਂ ਭੁੱਖ ਲੱਗ ਆਈ ਹੋਵੇਗੀ ।

ਅੰਮ੍ਰਿਤ—ਚਲੋ, ਹੁਣ ਕਾਫੀ ਦੇਰ ਹੋ ਗਈ ਏ ।

(ਅਮੀਰ ਸਿੰਘ ਪਾਜਾਮਾ ਪਾਈ, ਹੱਥ ਵਿਚ ਪੈਂਟ ਫੜੀ ਬਾਹਰ ਆਉਂਦਾ ਹੈ)

ਅਮੀਰ ਸਿੰਘ—ਦੇਰ ਕਾਹਦੀ ਏ ? ਕੋਈ ਓਪਰੀ ਥਾਂ ਏ ?

(ਸ਼ਰਨੋ ਕਪੜੇ ਬਦਲਕੇ ਆਉਂਦੀ ਹੈ)

ਸ਼ਰਨੋ--ਹੈਲੋ ਡੈਡੀ, ਤੁਸੀਂ ਆ ਗਏ ?

ਅਮੀਰ ਸਿੰਘ—ਕਿਧਰ ਚੱਲੀ ਏਂ ਸ਼ਰਨ ?

ਸ਼ਰਨੋ--ਸੈਰ ਕਰਨ......ਅੱਛਾ ਅੱਮੀ ਟਾ ਟਾ......ਡੈਡੀ ਟਾ......ਟਾਂ...
(ਜਾਂਦੀ ਹੈ)

ਅੰਮ੍ਰਿਤ—ਲੈ ਸਚੀਂ ਬਲਜੀਤ, ਹੁਣੇ ਗੱਲਾਂ ਪਏ ਕਰਦੇ ਸਾਂ ਨਾ ਸ਼ਰਨੋ ਬਾਰੇ । ਮੈਨੂੰ ਇਕ ਗਲ ਚੇਤੇ ਆਈ ਏ । ਸਾਡੇ ਗਵਾਂਢ ਨੇ ਨਾ ਸੀਮਿੰਟ ਵਾਲੇ, ਨੀ ਜਿਨ੍ਹਾਂ ਦਾ ਨਾਂ ਮੇਰੇ ਸਹੁਰੇ ਵਰਗਾ ਏ ।

ਅਮੀਰ ਸਿੰਘ—ਸੱਜਣ ਸਿੰਘ ?

ਅੰਮ੍ਰਿਤ--ਆ ਹੋ ! ਉਹਦਾ ਵੱਡਾ ਪੁੱਤਰ ਤਾਂ ਵਿਆਹਿਆ ਹੋਇਆ ਏ, ਇਕ ਛੋਟਾ ਏ। ਬੱਸ ਦੋਵੇਂ ਈ ਭਰਾ ਨੇ ਤੇ ਜਾਇਦਾਦ ਵੀ ਕਾਫੀ ਏ । ਬਈ ਪੜ੍ਹਿਆ ਲਿਖਿਆ ਮੁੰਡਾ ਏ, ਫ਼ੇਰ ਸ਼ਕਲ ਸੂਰਤ ਭੀ ਸੁਹਣੀ ਏ। ਬਈ ਮੈਨੂੰ ਤਾਂ ਬੜਾ ਚੰਗਾ ਲਗਦਾ ਏ, ਅੱਗੇ ਤੁਸੀਂ ਸੋਚ ਲਓ।

ਬਲਜੀਤ--ਕੀ ਖਿਆਲ ਏ ਜੀ ਤੁਹਾਡਾ ?

ਅੰਮ੍ਰਿਤ--ਮੁੰਡੇ ਦੀ ਮਾਂ ਮੇਰੀ ਸਹੇਲੀ ਏ, ਜੇ ਆਖੋ ਤਾਂ ਟੋਹ ਵੇਖਾਂਗੀ ।

ਅਮੀਰ ਸਿੰਘ (ਜ਼ਰਾ ਕੁ ਲਾਪ੍ਰਵਾਹੀ ਨਾਲ) ਆਹੋ, ਆਹੋ। ਮੈਂ ਜਾਨਣਾ ਵਾਂ । ਪਰ ਕਾਹਲ ਕਾਹਦੀ ਏ, ਜ਼ਰਨੋ ਅਜੇ ਪੜ੍ਹਦੀ ਏ।

(ਘੜੀ ਇਕ ਖੜਕਾਂਦੀ ਹੈ। ਸਭ ਦਾ ਧਿਆਨ ਉਸ ਪਾਸੇ ਹੋ ਹੋ ਜਾਂਦਾ ਹੈ)

ਅੰਮ੍ਰਿਤ--ਓ ਹੋ : ਸਾਢੇ ਸੱਤ ਵਜ ਗਏ ? ਉੱਠ ਜੀਤਾਂ ਉੱਠ ! ਬੜੀ ਦੇਰ ਹੋ ਚਲੀ ਏ · ਘਰ ਦਾ ਸਾਰਾ ਕੰਮ ਕਾਜ ਕਰਨ ਵਾਲਾ ਪਿਆ ਏ।

ਅਮੀਰ ਸਿੰਘ--ਹੁਣ ਰੋਟੀ ਖਾ ਕੇ ਈ ਜਾਣਾ, ਦੇਰ ਤਾਂ ਜਿਹੀ ਕਿਹੀ ਹੋ ਹੀ ਗਈ ਏ ;

ਅੰਮ੍ਰਿਤ--(ਉਠਦੀ ਹੋਈ) ਅਸੀਂ ਤਾਂ ਇਥੋਂ ਖਾ ਜਾਈਏ ਤੇ ਘਰ ਦਿਆਂ ਨੂੰ ਅਜ ਰਾਤੀਂ ਵਰਤ ਰਖਾਈਏ ।

ਅਮੀਰ ਸਿੰਘ --ਕੋਈ ਡਰ ਏ ? ਸਗੋਂ ਹਾਜ਼ਮਾ ਦਰੁਸਤ ਹੋ ਜਾਵੇਗਾ ।

ਅੰਮ੍ਰਿਤ--ਜੇ ਘਰੋਂ ਝਿੜਕਾਂ ਪੈ ਗਈਆਂ ਤਾਂ ਦਿਮਾਗ ਸਾਡਾ ਦਰੁਸਤ ਹੋ ਜਾਵੇਗਾ ।

(ਸਭ ਹਸਦੇ ਹਨ)

ਬਲਜੀਤ--(ਜੀਤਾਂ ਨੂੰ) ਲੈ ਬਲਿਆ, ਲੈ ਫੜ ਲੈ ਪੰਜਾਂ ਦਾ ਨੋਟ ਈ।

ਜੀਤਾ--ਮਾਸੀ ਜੀ ਇਹ ਕੀ ਕਰਨ ਲਗ ਪਏ ਓ ?

ਅੰਮ੍ਰਿਤ--ਲੈ ਕੋਈ ਰਾਹ ਪਿਆ ਏ ? ਅਗੇ ਐਨੀ ਖੇਚਲ ਕੀਤੀ ਊ ।
ਮਠਿਆਈ ਮੰਗਵਾ ਤੇ ਚਾਹ ਬਣਾ । ਇਹ ਰੁਪਿਆਂ ਦੀ ਕੀ ਕਸਰ ਬਾਕੀ ਰਹਿੰਦੀ ਸੀ ?

(ਬਲਜੀਤ ਦੇਂਦੀ ਹੈ ਤੇ ਜੀਤਾਂ ਲੈਂਦੀ ਨਹੀਂ)

ਜੀਤਾਂ—ਨਹੀਂ ਮਾਸੀ ਜੀ, ਮੈਂ ਨਹੀਂ ਲੈਣੇ ।

ਅੰਮ੍ਰਿਤ—ਰਹਿਣ ਦੇ ਬਲਜੀਤ, ਰਹਿਣ ਦੇ ।

ਬਲਜੀਤ--ਵਿਆਹ ਦੇ ਪਿੱਛੋਂ ਸੁੱਖ ਨਾਲ ਪਹਿਲੀ ਵਾਰੀ ਮੇਰੇ ਘਰ ਆਈ ਏ, ਖਾਲੀ ਹੱਥ ਭੇਜ ਦਿਆਂ ?

ਅਮੀਰ ਸਿੰਘ--ਜੀਤਾਂ ਲੈ ਲੈ, ਬਹੁਤੀ ਜ਼ਿਦ ਨਹੀਂ ਕਰੀਦੀ ।

ਅੰਮ੍ਰਿਤ—(ਨਰਮ ਹੋ ਕੇ) ਚੱਲ ਫੜ ਲੈ ਜੀਤਾਂ । ਹੁਣ ਸਾਰੇ ਜਣੇ ਪਏ ਕਹਿੰਦੇ ਨੇ ।

ਜੀਤਾਂ--ਮੈਂ ਤਾਂ ਆਣ ਕੇ ਤੁਹਾਨੂੰ ਵਾਧੂ ਖੇਚਲ ਈ ਦਿਤੀ ਏ ।

ਅੰਮ੍ਰਿਤ--ਇਹਨਾਂ ਦੀ ਖੁਸ਼ੀ ਏ ਨਾ । ਮਾਪੇ ਜੋ ਮਰਜ਼ੀ ਪਏ ਦੇਣ, ਧੀਆਂ ਨੂੰ ਕੋਈ ਨਾਂਹ ਏਂ ?

ਦੋਵੇਂ ਤੁਰ ਪੈਂਦੀਆਂ ਹਨ)

ਬਲਜੀਤ--(ਜ਼ਰਾ ਮਗਰ ਤੁਰਦੀ ਹੋਈ) ਸਾਨੂੰ ਕੋਈ ਦੁਪਰਿਆਰੀ ਏ ? ਜਿਹੀ ਸ਼ਰਨਾਂ ਤਿਹੀ ਜੀਤਾਂ ?

ਤਿੰਨੇ ਬਾਹਰ ਚਲੀਆਂ ਜਾਂਦੀਆਂ ਹਨ)

ਅਮੀਰ ਸਿੰਘ--(ਉਚੀ) ਰਾਧੂ ! ਓਏ ਰਾਧੂ !

ਰਾਧੂ--(ਆਣ ਕੇ) ਦਸੋ ਸਰਦਾਰ ਜੀ ।

ਅਮੀਰ ਸਿੰਘ—ਰੋਟੀ ਪਕਾ ਲਈ ਊ ?

ਰਾਧੂ--ਆਹੋ ਜੀ ।

ਅਮੀਰ ਸਿੰਘ—ਅਜ ਕੀ ਚਾੜ੍ਹਿਆ ਏ ?

ਰਾਧੂ—ਆਲੂਆਂ ਦਾ ਰੈਤਾ ਪਾਇਆ ਜੀ ਤੇ ਨਾਲ ਕਰਲੇ ਤਲੇ ਨੇ ।

(ਬਲਜੀਤ ਵਾਪਸ ਆਉਂਦਾ ਹੈ)

ਅਮੀਰ ਸਿੰਘ--ਓ ਰੋਜ਼ ਆਲੂ ? ਅਜੇ ਸਵੇਰੇ ਤਾਂ ਸੁਕੇ ਆਲੂ ਬਣਾਏ ਸਨ। ਆਲੂ ਕਮਲੇ ਹੋ ਗਏ ਕਿ ਤੂੰ ਕਮਲਾ ਹੋ ਗਿਐਂ ?

ਬਲਜੀਤ --ਮੈਂ ਹੀ ਕਿਹਾ ਸੀ ਆਲੂਆਂ ਦਾ ਰੈਤਾ ਬਣਾ ਲੈ। ਅਜ ਘਿਓ ਮੁੱਕਾ ਹੋਇਆ ਸੀ...ਤੇ ਤੇਲ ਵਿਚ ਤਲੇ ਕਰੇਲੇ ਤੁਸੀਂ ਸੁਆਦ ਨਾਲ ਖਾਦੇ ਹੁੰਦੇ ਓ।

ਅਮੀਰ ਸਿੰਘ--ਘਿਓ ਮੁਕ ਗਿਆ ਏ ? ਅਜ ਤਾਂ ਅਜੇ ਪੰਝੀ ਤਰੀਕ ਹੀ ਹੋਈ ਤੇ।

ਰਾਧੂ--ਅਗੇ ਵੀ ਇੰਨਾ ਚਿਰ ਈ ਲੰਘਦਾ ਹੁੰਦਾ ਏ ਜੀ।

ਬਲਜੀਤ--ਇਹਨੂੰ ਸੌ ਵੇਰ ਆਖਿਆ ਏ, ਰਤਾ ਸੰਗੁਜ ਕੇ ਵਰਤਿਆ ਕਰ। ਹੁਣ ਤੇ ਦਿਨ ਦੀਆਂ ਰੋਟੀਆਂ ਵੀ ਬਿਨਾਂ ਚੋਪੜਿਆਂ ਈ ਖਾਣੀਆਂ ਪੈਣਗੀਆਂ... (ਰਾਧੂ ਨੂੰ) ਹਾਂ ਸਚ ਸਵੇਰੇ ਤੇਰੀ ਚਿਠੀ ਆਈ ਸੀ, ਸ਼ਰਨਾ ਕੋਲ ਸੀ। ਲੈ ਲਈ ਉ ?

ਰਾਧੂ--ਮੇਰੀ ਮਾਂ ਦੀ ਚਿਠੀ ਏ ਜੀ। ਉਹਨੇ ਲਿਖਿਆ ਏ, ਰੁਪੈ ਭੇਜ ਤੇ ਤੁਸਾਂ ਤਨਖਾਹ ਹੀ ਨਹੀਂ ਦਿਤੀ।

ਬਲਜੀਤ--ਨਹੀਂ ਤਨਖਾਹ ਦਿਤੀ ਤੇ ਆਖਰ ਕੀ ਆ ਗਈ ? ਘਰ ਵਿਚ ਬੈਠਾ ਏਂ, ਰੋਟੀ ਖਾਂਦਾ ਪਿਆ ਏਂ, ਹੋਰ ਤੈਨੂੰ ਕੀ ਲੋੜ ਏ ? ਵੀਹ ਰੁਪੈ ਤਨਖਾਹ ਲੈ ਕੇ ਫਾਲਤੂ ਈ ਗੁਆਉਣੀ ਊ।

ਰਾਧੂ--ਬੀਬੀ ਜੀ ਪਿਛਲੇ ਮਹੀਨੇ ਦੀ ਤਨਖਾਹ ਵੀ ਅਜੇ ਰਹਿਦੀ ਏ।

ਬਲਜੀਤ--(ਹੱਸ ਕੇ) ਤੂੰ ਬੜਾ ਸ਼ਤਾਨ ਏਂ, ਜੋੜਨਾ ਪਿਆ ਏਂ ਨਾ ? ਕੱਠਾ ਸੌ ਰੁੱਪਿਆ ਲੈਣ ਦੀ ਮਰਜ਼ੀ ਊ ?

ਰਾਧੂ--ਮੈਂ ਤਾਂ ਸਰਦਾਰ ਜੀ ਪਾਸੋਂ ਕਈ ਵਾਰ ਮੰਗੇ ਨੇ, ਮੇਰੀ ਮਾਂ ਬਿਮਾਰ ਏ।

ਅਮੀਰ ਸਿੰਘ--(ਜ਼ਰਾ ਉੱਚੀ) ਹੱਛਾ ਸੁਣ ਲਿਐ। ਮਹੀਨਾ ਚੜ੍ਹ ਜਾ ਏ ਤੂੰ ਵੀ ਲੈ ਲਈਂ। ਅਜ ਪੰਝੀ ਤਰੀਕ ਤਾਂ ਹੋ ਹੀ ਗਈ ਏ।

ਬਲਜੀਤ --ਜਾਹ ਹੁਣ ਜਾ ਕੇ ਰਸੋਈ ਤਿਆਰ ਕਰ।

(ਰਾਧੂ ਅੰਦਰ ਚਲਾ ਜਾਂਦਾ ਹੈ)

ਅਮੀਰ ਸਿੰਘ--ਤੇ ਬਾਜ਼ਾਰੋਂ ਘਿਉ ਹੋਰ ਮੰਗਵਾ ਲੈਣਾ ਸੀ ਬਲਜੀਤ।

ਬਲਜੀਤ--ਘਿਉ ਕਾਹਦਾ ਮੰਗਵਾਂਦੀ ? ਮੇਰੇ ਕੋਲ ਤਾਂ ਖਰਚ ਵੀ ਮੁਕ ਗਿਆ ਏ। ਹਾਂ ਸਚ, ਅੰਮ੍ਰਿਤ ਹੁਰਾਂ ਵਾਸਤੇ ਤਿੰਨ ਰੁਪੈ ਦੀ ਮਠਿਆਈ ਦੀਨੇ ਹਲਵਾਈ ਦੀ ਹਟੀਓਂ ਮੰਗਵਾਈ ਏ; ਲੰਘਦੀ ਵਾਰੀ ਉਹਨੂੰ ਰੁਪੈ ਦੇਈ ਜਾਣਾ।

ਅਮੀਰ ਸਿੰਘ--ਮੇਰੀ ਆਪਣੀ ਜੇਬ ਵਿਚ ਸਿਰਫ ਦੋ ਰੁਪੈ ਨੇ।......ਤੇ ਏਨੀ ਮਠਿਆਈ ਕੀ ਕਰਨੀ ਸੀ ?

ਬਲਜੀਤ—ਜੀਤਾਂ ਵਿਆਹ ਤੋਂ ਬਾਅਦ ਪਹਿਲੀ ਵਾਰੀ ਹੀ ਸਾਡੇ ਘਰ ਆਈ ਤੇ ਮੈਂ ਖਾਤਰ ਵੀ ਚੰਗੀ ਨਾ ਕਰਦੀ ? ਅੱਗੇ ਅਸੀਂ ਉਹਨੂੰ ਘਰ ਫੇਰਾ ਪੁਆਣ ਵਲੋਂ ਵੀ ਮਚਲ ਮਾਰ ਛੱਡੀ ਸੀ, ਹੁਣ ਕੁਕੂ ਦੀ ਬੁਘਨੀ ਤੋੜ ਕੇ ਉਹਨੂੰ ਪੰਜ ਰੁਪੈ ਦਿਤੇ ਨੇ। ਅੰਮ੍ਰਿਤ ਮੇਰੀ ਮਾਸੀ ਦੀ ਧੀ ਭੈਣ ਹੋਈ। ਜੇ ਰਿਸ਼ਤੇਦਾਰਾਂ ਨਾਲ ਸਿਧੇ ਮੂੰਹ ਨਾ ਵਰਤੀਏ ਤਾਂ ਘਰ ਦੀ ਇਜ਼ਤ ਵੀ ਤੇ ਨਹੀਂ ਰਹਿੰਦੀ।

ਅਮੀਰ ਸਿੰਘ-(ਸੋਚਦਾ ਹੋਇਆ) ਹੂੰ। ਠੀਕ ਆਖਨੀ ਏਂ ਬਲਜੀਤ। ਪਰ ਮੈਂ ਹੈਰਾਨ ਹੁੰਦਾ ਰਹਿੰਨਾ ਕਿ ਇਸ ਤਰੀਕੇ ਨਾਲ ਕਿੰਨਾ ਕੁ ਚਿਰ ਗੁਜ਼ਾਰਾ ਚਲਦਾ ਰਹੇਗਾ। ਹਰ ਮਹੀਨੇ ਨਵੀਂ ਤਨਖਾਹ ਆਉਣ ਤੋਂ ਪੰਜ ਛੇ ਦਿਨ ਪਹਿਲਾਂ ਜੇਬਾਂ ਖਾਲੀ ਹੋ ਜਾਂਦੀਆਂ ਨੇ ਤੇ ਹੁਦਾਰ ਦੇ ਸਹਾਰੇ ਘਰ ਦਾ ਖਰਚ ਚਲਦੈ।

ਬਲਜੀਤ—ਸਮਝ ਨਹੀਂ ਆਉਂਦੀ ਘਰ ਦਾ ਖਰਚ ਈ ਪੂਰਾ ਨਹੀਂ ਹੁੰਦਾ। ਆਪਣੀ ਇਜ਼ਤ ਦੀ ਖਾਤਰ ਭਾਵੇਂ ਲੋਕਾਂ ਪਾਸ ਲੱਖ ਫੜਾਂ ਮਾਰਦੇ ਰਹੀਏ, ਪਰ ਤਨਖਾਹ ਤੇ ਢਾਈ ਸੌ ਈ ਆਉਂਦੀ ਏ ਨਾ।

ਅਮੀਰ ਸਿੰਘ--ਜੇ ਸੌ ਰੁਪੈ ਦੀ ਆਮਦਨੀ ਹੋਵੇ ਤਾਂ ਨੜਿੰਨਵੇਂ ਰੁਪੈ ਪੰਦਰਾਂ ਆਨੇ

ਖਰਚਾ ਕਰਨ ਵਾਲਾ ਅਮੀਰ ਹੈ, ਪਰ ਸ ਰੁਪਿਆ ਇਕ ਆਨਾ ਖਰਚ ਕਰਨ ਵਾਲਾ ਸਮਝੋ ਤਬਾਹੀ ਦੇ ਰਸਤੇ ਤੇ ਜਾ ਰਿਹਾ ਹੈ।

ਬਲਜੀਤ (ਸਿਰ ਨੀਵਾਂ ਕਰਕੇ) ਸਾਡਾ ਤਾਂ ਉਲਟਾ ਈ ਹਾਲ ਏ। ਪਤਾ ਨਹੀਂ ਖਬਰੇ ਮੇਰੇ ਹੱਥਾਂ ਵਿਚ ਛੇਕ ਨੇ, ਬਰਕਤ ਈ ਨਹੀਂ ਪੈਂਦੀ।

ਅਮੀਰ ਸਿੰਘ – ਤੇ ਜਦੋਂ ਵੀ ਕੋਈ ਵੱਡਾ ਖਰਚ ਆ ਪੈਂਦਾ ਏ। ਘਰ ਵਿਚ ਕੋਈ ਦੁੱਖ ਸੁੱਖ ਹੁੰਦਾ ਏ, ਤੈਨੂੰ ਪਤਾ ਈ ਏ, ਪਲਿਓਂ ਈ ਕਰਨਾ ਪੈਂਦਾ ਏ। ਦਿਨ ਬਦਿਨ ਅੰਦਰੋਂ ਅੰਦਰੀ ਖੋਖਲੇ ਹੁੰਦੇ ਜਾਨੇ ਆਂ।

ਬਲਜੀਤ · ਮਹਿੰਗਾਈ ਵੀ ਤਾਂ ਆਖਰਾਂ ਦੀ ਏ। ਨੋਟ ਭਨਾਉ ਬਸ ਭੂ ਭੜਕ ਈ ਹੋ ਜਾਂਦਾ ਏ। ਪੇਟ ਭਰਨ ਲਈ ਰੋਟੀ ਦਾ ਖਰਚ ਵੀ ਜ਼ਰੂਰੀ ਏ। ਇੰਦਰ ਤੇ ਸ਼ਰਨੋ ਦੀ ਪੜ੍ਹਾਈ ਦਾ ਖਰਚ ਵੀ ਕਰਨਾ ਈ ਹੋਇਆ। ਜੇ ਕਪੜੇ ਗਹਿਣੇ ਚੱਜ ਦੇ ਨਾ ਪਾਉ, ਤਾਂ ਲੋਕੀਂ ਕਿਤੇ ਖਲੋਣ ਜੋਗਾ ਨਹੀਂ ਛੱਡਦੇ।

ਅਮੀਰ ਸਿਘ—ਅੰਮ੍ਰਿਤ ਨੇ ਸ਼ਰਨਾ ਲਈ ਘਰ ਤਾ ਮਾੜਾ ਨਹੀਂ ਦਸਿਆ।

ਖਲਜੀਤ—ਫੇਰ ਤੁਸਾਂ ਗੱਲ ਠਪ ਕਿਉਂ ਦਿਤੀ ?

ਅਮੀਰ ਸਿਘ—ਹੋਰ ਕੀ ਕਰਾਂ ? ਕਿਹੜਾ ਐਸਾ ਏ ਜੋ ਖਾਲੀ ਕੁੜੀ ਦੀ ਬਾਂਹ ਫੜਨੀ ਮਨਜ਼ੂਰ ਕਰ ਲਵੇਗਾ ? ਅਗਲਾ ਘਰ ਵੀ ਅਮੀਰ ਏ। ਭਲੀਏ ਲੋਕੇ, ਤੂੰ ਆਪ ਈ ਸੋਚ ਆਪਣੀ ਇਜ਼ਤ ਤੇ ਮਾਨ ਦੇ ਸ਼ਾਦਿਆਂ ਵਿਆਹ ਰਚਾਣ ਦੀ ਤੇਰੀ ਪਾਇਆਂ ਹੈ ? ਜੇ ਹਲਕਾ ਘਰ ਲਭੀਏ, ਤਾਂ ਕੁੜੀ ਦੀ ਜ਼ਿੰਦਗੀ ਖਰਾਬ ਕਰੀਏ ? ਇਸੇ ਲਈ ਤਾਂ ਕੁੜੀ ਨੂੰ ਪੜ੍ਹਨ ਦੇ ਆਹਰੇ ਲਾਇਆ ਹੋਇਆ ਏ। ਚਲੋ ਉਹਦੀ ਕਾਬਲੀ-ਅਤ ਹੀ ਵਧੇਗੀ।

ਬਲਜੀਤ—(ਠੰਡਾ ਸਾਹ ਭਰਦੀ ਹੋਈ) ਇਹ ਤਾਂ ਗੱਲ ਠੀਕ ਹੈ। ਪਰ ਮੈਂ ਸੋਚਨੀਆਂ ਇਹ ਡੰਗ ਟਪਾਈ ਕਦੋਂ ਕੁ ਤਕ ਚਲਾ ਸਕਾਂਗੇ ?

ਅਮੀਰ ਸਿੰਘ – ਇਸੇ ਚਿੰਤਾ ਨਾਲ ਤਾਂ ਦਿਲ ਨੂੰ ਡੋਬੂ ਪੈਂਦੇ ਨੇ। ਬਜ਼ੁਰਗਾਂ ਦੀ ਤੇ ਆਪਣੀ ਬਣਾਈ ਹੋਈ ਇੱਜ਼ਤ ਨੂੰ ਬਚਾਉਣ ਦਾ ਸਵਾਲ ਹੈ।

ਬਲਜੀਤ--ਹੂੰ ! ਚਾਦਰ ਵੇਖ ਕੇ ਪੈਰ ਪਸਾਰੇ ਜਾਣ, ਤਾਂ ਗਮਾਂ ਗੋਤਿਆਂ ਵਿਚ ਕਿਉਂ ਪਈਏ ?......ਪਰ ਸਮਝ ਨਹੀਂ ਆਉਂਦੀ. ਅਸੀਂ ਫਜ਼ੂਲ ਖਰਚੀ ਵੀ ਕਿਹੜੀ ਕਰਨੇ ਆਂ ।

ਅਮੀਰ ਸਿੰਘ--ਤੂੰ ਤਾਂ ਹਰ ਮਹੀਨੇ ਘਰ ਦਾ ਖਰਚ ਲਿਖਨੀ ਏ ।

ਅਮੀਰ ਸਿੰਘ--ਹਾਂ, ਪਾਈ ਪਾਈ ਦਾ ਹਿਸਾਬ ਰਖਨੀ ਆਂ ।

ਅਮੀਰ ਸਿੰਘ—ਇਕ ਵਾਰ ਫੇਰ ਨਜ਼ਰ ਮਾਰ ਕੇ ਵੇਖ ਲਓ ।

ਬਲਜੀਤ—ਲਓ ਸੁਣੋ ।

(ਉਠ ਕੇ ਅੰਗੀਠੀ ਤੋਂ ਇਕ ਕਾਪੀ ਚੁਕਦੀ ਹੈ)

ਅਮੀਰ ਸਿੰਘ—ਇਹ ਵੇਖ, ਰੋਟੀ ਖਰਚ ਤੋਂ ਇਲਾਵਾ ਹੋਰ ਕਿਹੜੇ ਖਰਚ ਨੇ ?

ਬਲਜੀਤ—ਦੇਖੋ ਜੀ, ਐਤਕੀਂ ਵੀਹ ਰੁਪਏ ਤਾਂ ਤੁਸਾਂ ਚੰਦਾ ਦਿਤਾ ਏ, ਕਿਸੇ ਸੜੀ ਸਭਾ ਸੁਸਾਇਟੀ ਨੂੰ ।

ਅਮੀਰ ਸਿੰਘ--ਉਹ ਤਾਂ ਦੇਣਾ ਈ ਪੈਣਾ ਸੀ । ਸਾਰੇ ਬੈਂਕ ਦੇ ਮੁਲਾਜ਼ਮਾਂ ਨੇ ਜੁ ਚੰਦਾ ਇਕੱਠਾ ਕੀਤਾ, ਜੇ ਮੈਂ ਨਾ ਦੇਂਦਾ ਤਾਂ ਬੇਇਜ਼ਤੀ ਹੁੰਦੀ ਸੀ ।

ਬਲਜੀਤ-ਸਾਢੇ ਤਿੰਨ ਰੁਪੈ ਦਾ ਤਾਂ ਤੁਸੀਂ ਔਹ ਅੰਗਰੇਜ਼ੀ ਰਸਾਲਾ ਲੈਂਦੇ ਓ । ਮੈਂ ਤੁਹਾਨੂੰ ਕਦੀ ਇਹ ਪੜ੍ਹਦਿਆਂ ਤਾਂ ਵੇਖਿਆ ਈ ਨਹੀਂ ।

ਅਮੀਰ ਸਿੰਘ—ਕੌਣ ਪਿਆ ਸਿਰ ਖਪਾਈ ਕਰੇ ? ਜ਼ਰਾ ਸ਼ਾਨ ਲਈ ਇਹ ਵਧੀਆ ਰਸਾਲਾ ਹੱਥ ਵਿਚ ਰਖੀਦਾ ਏ ।

ਬਲਜੀਤ—ਤੀਹ ਰੁਪੈ ਮੈਂ ਕੈਂਠੀ ਦੀ ਘੜਾਈ ਦਿਤੀ ਏ । ਪਹਿਲਾ ਫੈਸ਼ਨ ਤਾਂ ਬੜਾ ਰੱਦੀ ਹੋ ਚੁਕਾ ਸੀ, ਅਜ ਕਲ੍ਹ ਕੋਈ ਪਾਂਦਾ ਈ ਨਹੀਂ ।

ਬਲਜੀਤ—ਹੋਰ ?

ਹਲਜੀਤ--ਹੋਰ ਜਾਂ ਫੇਰ ਬਿਮਲਾ ਖਿਡਾਵੀ ਤੇ ਰਾਧੂ ਨੌਕਰ ਦੀਆਂ ਤਨਖਾਹਾਂ ਹੁੰਦੀਆਂ ਨੇ । ਘਰ ਵਿਚ ਨੌਕਰ ਨਾ ਹੋਣ ਤਾਂ ਕੰਮ ਕਾਜ ਕੌਣ ਕਰੇ ? ਘਰ ਦੀ ਇਜ਼ਤ ਵੀ ਤਾ ਨਹੀਂ ਰਹਿੰਦੀ । ਕੋਈ ਘਰ ਆਇਆ ਗਿਆ

ਕੀ ਆਖੇਗਾ ?

ਅਖੀਰ ਸਿੰਘ––(ਸੋਚਦਾ ਹੋਇਆ) ਇਜ਼ਤ...ਇਜ਼ਤ ।

ਬਲਜੀਤ––(ਉਸੇ ਮੂਡ ਵਿਚ) ਇਜ਼ਤ ਦਾ ਸਵਾਲ ਈ ਗੁੰਝਲਦਾਰ ਬਣ ਗਿਆ ਏ।

ਅਮੀਰ ਸਿੰਘ––ਹਾਂ...ਅਜਲ ਵਿਚ ਅਸੀਂ ਬਹੁਤ ਸਾਰੇ ਕੰਮ ਤੇ ਬਹੁਤ ਸਾਰੇ ਖਰਚ ਸਿਰਫ ਇਸ ਨਾਮ ਮਾਤਰ ਦੇ ਸਵਾਲ ਨੂੰ ਸਾਹਮਣੇ ਰੱਖ ਕੇ ਕਰਦੇ ਹਾਂ, ਤੇ ਦਿਨ ਬਦਿਨ ਨਿਘਰਦੇ ਜਾਂਦੇ ਹਾਂ ।

ਬਲਜੀਤ––(ਅਚਾਨਕ ਚੁਸਤ ਹੋ ਕੇ) ਨਹੀਂ, ਨਹੀਂ । ਬਸ ਹੋਰ ਨਹੀਂ । ਅਸੀਂ ਇਸ ਫੋਕੀ ਇਜ਼ਤ ਦੇ ਝੂਠੇ ਜਾਲ ਵਿਚ ਹੋਰ ਨਹੀਂ ਫਸਾਂਗੇ। ਅਸੀਂ ਇਸ ਜਾਲ ਦੀਆ ਤੰਦਾਂ ਕੱਟ ਦਿਆਂਗੇ ।

ਅਮੀਰ ਸਿੰਘ––ਪਰ ਲੋਕੀਂ ਕੀ ਆਖਣਗੇ ?

ਬਲਜੀਤ–ਲੋਕੀਂ ਪੈਣ ਢੱਠੇ ਖੂਹ ਵਿਚ। ਅਸੀਂ ਲੋਕਾਂ ਦੇ ਘਰੋਂ ਖਾਣ ਜਾਨੇ ਆਂ ? ਸਾਨੂੰ ਕਿਸੇ ਦੀ ਕੀ ਪਰਵਾਹ ਏ ।......ਨਹੀਂ ਨਹੀਂ...... ਹੁਣ ਇਹ ਫੋਕੀ ਇਜ਼ਤ ਦਾ ਜਾਦੂ ਸਾਡੇ ਤੇ ਨਹੀਂ ਚਲੇਗਾ ।

ਅਮੀਰ ਸਿੰਘ–––ਸੋਚ ਲੈ ।

ਬਲਜੀਤ–––ਮੈਂ ਅਜ ਈ ਬਿਮਲਾ ਤੇ ਰਾਧੂ ਨੂੰ ਜਵਾਬ ਦੇ ਦੇਨੀ ਆਂ । ਤਨਖਾਹ ਤੋਂ ਇਲਾਵਾ ਇਨ੍ਹਾਂ ਦਾ ਰੋਟੀ ਦਾ ਖਰਚ ਵੀ ਤਾਂ ਸਾਡੇ ਜ਼ੁਮੇ ਪੈਂਦਾ ਏ । ਰਸੋਈ ਮੈਂ ਆਪੇ ਕਰ ਲਿਆ ਕਰਾਂਗੀ ਤੇ ਸ਼ਾਮ ਨੂੰ ਕੂਕੂ ਨੂੰ ਗੱਡੀ ਵਿਚ ਬਿਠਾ ਕੇ ਅਸੀਂ ਦੋਵੇਂ ਜਣੇ ਸੈਰ ਹੋ ਆਇਆ ਕਰਾਂਗੇ । ਕਾਫ਼ੀ ਬੱਚਤ

ਅਮੀਰ ਸਿੰਘ–ਹਾਂ......ਹਾਂ, ਆਪਣੇ ਘਰ ਦਾ ਕੰਮ ਕਾਜ ਕਰਨ ਦਾ ਕੋਈ ਮਿਹਣਾ ਏ ?

ਬਲਜੀਤ—ਇੰਦਰ ਤੇ ਸ਼ਰਨਾ ਵੀ ਸੁਖ ਨਾਲ ਸਿਆਣੇ ਨੇ, ਸਾਰੀ ਗੱਲ ਸਮਝ ਸਕਦੇ ਨੇ। ਜੇ ਅਸੀਂ ਡੋਰ ਢਿੱਲੀ ਨਾ ਛਡੀਏ ਤਾਂ ਉਨ੍ਹਾਂ ਦੀ ਫਜ਼ੂਲ ਖਰਚੀ ਵੀ ਬੰਦ ਹੋ ਸਕਦੀ ਏ। ਏਸ ਇਜ਼ਤ ਦੇ ਸਵਾਲ ਨੇ ਸਾਨੂੰ ਖੋਖਲਿਆਂ ਕਰ ਛਡਿਐ, ਸਾਡੀ ਨੀਂਦ ਹਰਾਮ ਕਰ ਛਡੀ ਏ।

ਅਮੀਰ ਸਿੰਘ—ਪਰ ਜੇ ਇਜ਼ਤ ਅਰ ਸ਼ਾਨ ਦਾ ਖਿਆਲ ਨਾ ਰਖੀਏ ਤਾਂ ਸੁਸੈਟੀ ਵਿੱਚ ਬੇ--ਕਦਰੀ ਹੁੰਦੀ ਏ। ਸਾਡਾ ਤਾਂ ਉਹ ਹਾਲ ਟੇ, ਅੱਖੇ ਸੱਪ ਦੇ ਮੂੰਹ ਕੋੜ੍--ਕਿਰਲੀ ਖਾਵੇ ਤਾਂ ਅੰਨ੍ਹਾ ਛੱਡੇ ਤਾਂ ਕੋਹੜੀ।

ਬਲਜੀਤ--ਜੇ ਸਾਰੇ ਈ ਓਪਰੇ ਵਿਖਾਵੇ ਨੂੰ ਛਡ ਦੇਣ ?

ਅਮੀਰ ਸਿੰਘ—ਤਦ ਤੇ ਸਾਡੇ ਸਮਾਜ ਦੀ ਬਹੁਤ ਸਾਰੀ ਚਿੰਤਾ ਦੂਰ ਹੋ ਜਾਵੇ।

ਬਾਹਰੋਂ ਆਵਾਜ਼—ਅਮੀਰ ਸਿੰਘ ਜੀ ਘਰ ਓ ?......ਅਮੀਰ ਸਿੰਘ ਜੀ।

ਅਮੀਰ ਸਿੰਘ–(ਉਠ ਕੇ, ਉੱਚੀ ਆਵਾਜ ਵਿੱਚ) ਕੌਣ ਏ ? (ਬੂਹੇ ਕੋਲ ਜਾ ਕੇ) ਲੰਘ ਆਓ ਅੰਦਰ।

(ਦੋ ਆਦਮੀ ਸਾਦੇ ਲਬਾਸ ਵਿੱਚ ਆਉਂਦੇ ਹਨ)

ਅਮੀਰ ਸਿੰਘ–ਆਓ ਜੀ, ਲਾਲਾ ਜੀ, ਆਓ ਬੈਠੋ।

ਪਹਿਲਾ–ਕੋਈ ਨਹੀਂ ਮਹਾਰਾਜ, ਕੋਈ ਨਹੀਂ। (ਦੂਜੇ ਨੂੰ) ਤੁਸੀਂ ਗੱਲ ਕਰੋ ਜੀ।

ਅਮੀਰ ਸਿੰਘ-ਦਸੋ, ਹੁਕਮ ਕਰੋ।

ਦੂਜਾ–ਮਾਫ਼ ਕਰਨਾ, ਗੱਲ ਇਹ ਹੈ ਜੀ ਕਿ ਸੰਤਾਂ ਮਹਾਤਮਾ ਦੀ ਇਕ ਟੋਲੀ ਬਦਰੀ ਨਾਥ ਦੀ ਯਾਤਰਾ ਕਰ ਕੇ ਆਈ ਏ।

ਪਹਿਲਾ–ਐਹ ਮਹਾਰਾਜ, ਪਰਲੇ ਬਾਗ ਵਿੱਚ ਉਤਰੇ ਹੋਏ ਜੇ। ਵੱਡੀ ਨਹਿਰ ਏ ਨਾ ਮਹਾਰਾਜ ? ਬੱਸ ਉਹਦੇ ਕੋਲ ਈ।

ਦੂਜਾ–ਪਰਸੋਂ ਭੰਡਾਰਾ ਹੋਣੈ। ਤੇ ਮਾਫ਼ ਕਰਨਾ ਉਹਦੇ ਵਾਸਤੇ ਫੰਡ 'ਕਠਾ ਕਰਨੇ ਪਏ ਆਂ।

ਪਹਿਲਾ–ਜੋ ਖੁਸ਼ੀ ਹੋਵੇ ਮਹਾਰਾਜ ਹਿੱਸਾ ਪਾ ਦਿਓ।

ਦੂਜਾ–ਦਾਨ ਪੁੰਨ ਦੀ ਗੱਲ ਏ ਜੀ। ਮਾਫ਼ ਕਰਨਾ, ਇਸ ਮਾਮਲੇ ਵਿੱਚ ਬਹੁਤਾ ਸੋਚਣਾ ਨਹੀਂ ਚਾਹੀਦਾ।

ਪਹਿਲਾ–ਲਓ ਮਹਾਰਾਜ, ਸੋਚਣਾ ਕਾਹਦਾ ? ਸਰਦਾਰ ਹੁਰੀਂ ਬੜੇ ਸਖੀ ਆਦਮੀ ਨੇ । ... ਤੁਹਾਨੂੰ ਪਤਾ ਈ ਐ ਟੀ. ਐਨ. ਬੈਂਕ ਦੇ ਐਕਾਊਂਟੈਂਟ ਨੇ। ਮਹਾਰਾਜ, ਲੱਖਾਂ ਤੇ ਕਲਮ ਚਲਦੀ ਏ।

ਦੂਜਾ–ਮਾਫ ਕਰਨਾ, ਤੁਹਾਨੂੰ ਤਾਂ ਜ਼ਰੂਰ ਇਸ ਸ਼ੁਭ ਕੰਮ ਵਿਚ ਹਿੱਸਾ ਲੈਣਾ ਚਾਹੀਦੈ। ਸਰਦੇ ਪੁਜਦੇ ਵਾਲੇ ਨਾ ਕਰਨ, ਤਾਂ ਹਮਾਤੜਾਂ ਦਾ ਕੀ ਲੇਖਾ ਏ ? ਮਾਫ ਕਰਨਾ।

ਅਮੀਰ ਸਿੰਘ–(ਜੇਬ ਵਿਚੋਂ ਦੋ ਰੁਪੈ ਦਾ ਨੋਟ ਕੱਢ ਕੇ) ਲਓ ਲਾਲਾ ਜੀ। ਤੁਹਾਨੂੰ ਨਾਂਹ ਤੇ ਨਹੀਂ ਕੀਤੀ ਜਾ ਸਕਦੀ, ਆਪਣੇ ਗੁਆਂਢੀ ਓ। ਇਹ ਲਉ ਦੋ ਰੁਪੈ।

ਦੂਜਾ–ਮਾਫ ਕਰਨਾ, ਤੁਹਾਡੇ ਵਰਗੇ ਸਖੀ ਪੰਜਾਹ ਦੇਣ ਤਾਂ ਵੀ ਥੋੜ੍ਹੇ ਨੇ। ਘਟੋ ਘੱਟ ਦਸ ਰੁਪੈ ਤਾਂ ਦਿਓ ਨਾ।

ਅਮੀਰ ਸਿੰਘ–ਤੁਸੀਂ ਇਹ ਫੜ ਲਉ ਨਾ। (ਦੇਂਦਾ ਹੋਇਆ) ਚਲੋ ਸਾਡਾ ਤਿਲ-ਫੁਲ ਈ ਮਨਜ਼ੂਰ ਕਰ ਲਵੋ।

ਪਹਿਲਾ–ਚੰਗਾ ਮਹਾਰਾਜ, ਜਿਵੇਂ ਤੁਹਾਡੀ ਰਜ਼ਾ। ਚਲੋ ਮਹਾਰਾਜ।

ਅਮੀਰ ਸਿੰਘ–(ਜ਼ਰਾ ਹੱਸਦਾ ਹੋਇਆ) ਗੱਲ ਅਸਲ ਵਿਚੋਂ ਇਹ ਹੈ ਕਿ ਮੇਰੇ ਪਾਸ ਰੁਪੈ ਭੱਜੇ ਨਹੀਂ ਹੋਏ ਸਨ । ਸੌ ਦਾ ਨੋਟ ਐ, ਨਹੀਂ ਤਾਂ ਐਸੀ ਕਿਹੜੀ ਗੱਲ ਸੀ।

ਦੂਜਾ–ਮਾਫ ਕਰਨਾ, ਤੁਹਾਨੂੰ ਖੇਚਲ ਈ ਦਿਤੀ ਹੈ।

ਅਮੀਰ ਸਿੰਘ–ਖੇਚਲ ਕਾਹਦੀ ਜੀ । ਧਰਮ ਕਾਰਜ ਤਾਂ ਸਭ ਦੇ ਸਾਂਝੇ ਈ ਹੁੰਦੇ ਨੇ।

(ਦੋਵੇਂ ਆਦਮੀ ਚਲੇ ਜਾਂਦੇ ਹਨ)

ਬਲਜੀਤ–ਇਕ ਤਾਂ ਇਹ ਚੰਦੇ ਨਹੀਂ ਸਾਹ ਲੈਂਦੇ।

ਅਮੀਰ ਸਿੰਘ–ਕੀ ਕਰਦਾ ਹੁਣ ? ਉਹ ਘਰ ਚੱਲ ਕੇ ਆਏ ਸਨ, ਦੋ ਰੁਪੈ ਦੇ

ਕੇ ਪਿੱਛਾ ਛੁੜਾ ਲਿਐ।

ਬਲਜੀਤ–ਤੇ ਤੁਹਾਡੀ ਜੇਬ ਵਿਚ ਸੌ ਦਾ ਨੋਟ ਕਿੱਥੋਂ ਆਇਐ।

ਅਮੀਰ ਸਿੰਘ–ਸੌ ਦਾ ਨੋਟ ਕਿਥੋਂ ਆਉਣਾ ਸੀ ? ਹੋਰ ਉਹਨੂੰ ਕਹਿਦਾ ਕਿ ਸ੍ਰੀ ਮਾਨ ਜੀ ਅਜ ਮਹੀਨੇ ਦੀ ਪੰਜੀ ਤਰੀਕ ਨੂੰ ਹੀ ਸਾਡੇ ਘਰ ਦਾ ਖਰਚ ਮੁੱਕ ਚੁੱਕਾ ਏ, ਤੇ ਰੁਪਈਆਂ ਦਾ ਇਹ ਇਹ ਇਕੋ ਜੋੜਾ ਮੇਰੀ ਜੇਬ ਵਿਚ ਬਾਕੀ 'ਤਸ਼ਰੀਫ ਰਖਦਾ ਏ' ਤੇ ਇਸਦਾ 'ਟੋਕਰਾ' ਤੁਸੀਂ ਚੁੱਕ ਕੇ ਲੈ ਜਾਓ।

(ਬਲਜੀਤ ਹਸਦੀ ਹੈ)

ਬਲਜੀਤ–ਵੇ ਰਾਧੂ, ਸੜਾਧੂ !

ਰਾਧੂ–(ਆਣ ਕੇ) ਦਸੋ ਬੀਜੀ ਜੀ।

ਬਲਜੀਤ–ਖਸਮਾਂ ਖਾਣਿਆਂ ਰੋਟੀ ਕਿਉਂ ਨਹੀਂ ਲਿਆਉਂਦਾ। ਕਿਤੇ ਸੁੱਤਾ ਮੋਇਆ ਰਿਹੈਂ ?

ਰਾਧੂ–ਰੋਟੀ ਤਾਂ ਤਿਆਰ ਹੋ ਗਈ ਏ ਜੀ। ਫੁਲਕੇ ਰੁੱਖੇ ਈ ਲੈ ਆਵਾਂ ?

ਬਲਜੀਤ–(ਜ਼ਰਾ ਗੁੱਸੇ ਨਾਲ) ਤੇ ਹੋਰ ਕੀ ਕਰੇਂਗਾ ? ਇਕ ਵਾਰੀ ਜੁ ਕਿਹਾ ਏ। ਕੰਨਾਂ ਵਿਚ ਰੂੰ ਦਿੱਤੀ ਹੋਈ ਊ ? ਮੋਇਆ ਆਪ ਘਿਉ ਚੁਰਾ ਚੁਰਾ ਕੇ ਕੁੱਪੇ ਵਾਂਗ ਫੁਲਦਾ ਜਾਂਦੈ ਤੇ ਸਾਨੂੰ ਰੁੱਖੀਆਂ ਰੋਟੀਆਂ ਖੁਆਂਦੈ।

ਰਾਧੂ–ਬੀਬੀ ਜੀ ਮੈਂ ਕਦੋਂ ਘਿਉ ਚੁਰਾਇਐ ?

ਬਲਜੀਤ–ਵੇ ਬਕ ਨਾ, ਸਗੋਂ ਅਗੋਂ ਚਪੜ ਚਪੜ ਬੋਲਦੈ।

ਰਾਧੂ–ਪਰ ਤੁਸੀਂ ਤਾਂ ਐਵੇਂ ਈ ਝੂਠੀਆਂ......

ਬਲਜੀਤ–ਹੂੰ ਮੈਂ ਝੂਠੀ ਆਂ ! ਇਹ ਆਇਐ ਵੱਡਾ ਯੁਧਿਸ਼ਟਰ ਪੁੱਤਰ।

ਅਮੀਰ ਸਿੰਘ–ਚਲ ਛੱਡ ਵਿਚੋਂ ਬਲਜੀਤ।

ਬਲਜੀਤ–ਦਫਾ ਹੋ ਜਾ ਮੇਰੀਆਂ ਅਖਾਂ ਅਗੋਂ। ਮੈਨੂੰ ਨਹੀਂ ਤੇਰੀ ਲੋੜ। ਜਦੋਂ ਵੇਖੋ ਮੱਥਾ ਡਾਹ ਕੇ ਲੜਨ ਲੱਗ ਜਾਂਦੈ। ਨਿਕਲ ਜਾ ਮੇਰੇ ਘਰੋਂ। ਨਾਲੇ ਚੋਰ ਨਾਲੇ ਚਤਰ। ਨਿਕਲ ਜਾਹ ਫੌਰਨ ਮੇਰੇ ਘਰੋਂ।

ਰਾਧੂ–ਮੇਰੀ ਤਨਖਾਹ ਤਾਂ ਦੇ ਦਿਉ......ਮੇਰੀ ਮਾਂ ਬਿਮਾਰ ਏ ਜੀ।

ਬਲਜੀਤ–ਮਾਂ ਦਾ ਬੱਚਾ ! ਲੈ ਜਾਈਂ ਆਪਣੀ ਤਨਖਾਹ ਪਹਿਲੀ ਤ੍ਰੀਕ ਨੂੰ ਆ ਕੇ।

(ਰਾਧੂ ਸਿਰ ਨੀਵਾਂ ਪਾਈ ਚਲਾ ਜਾਂਦਾ ਹੈ)

ਅਮੀਰ ਸਿੰਘ–ਮੈਨੂੰ ਸਮਝ ਨਹੀਂ ਆਉਂਦੀ, ਇਹ ਇਕ ਦਮ ਤੈਨੂੰ ਚੰਡੀ ਕਿਉਂ ਚੜ੍ਹ ਗਈ ? ਤੂੰ ਉਹਨੂੰ ਜੁਆਬ ਤਾਂ ਦੇ ਹੀ ਦੇਣਾ ਜੀ, ਲੜਨ ਦੀ ਕੀ ਲੋੜ ਸੀ ?

ਬਲਜੀਤ–ਹੋਰ ਉਹਨੂੰ ਆਖਦੀ ਕਿ ਸ੍ਰੀ ਮਾਨ ਜੀ ਅਸੀਂ ਆਪ ਦਾ ਖਰਚਾ ਨਹੀਂ ਝੱਲ ਸਕਦੇ, ਇਸ ਲਈ ਤੁਸੀਂ ਇਥੋਂ 'ਤਸ਼ਰੀਫ ਦਾ ਟੋਕਰਾ' ਲੈ ਜਾਉ ? ਨੱਕ ਵਢਾ ਕੇ ਪਿੱਛੇ ਨਾ ਲੁਆ ਲੈਂਦੀ ?

ਅਮੀਰ ਸਿੰਘ–(ਹਸਦਾ ਹੋਇਆ) ਫੇਰ ਓਹੀ ਇੱਜ਼ਤ ਦਾ ਸਵਾਲ।

(ਪਰਦਾ)